ਜਮਾਤ-ਅੱਠਵੀਂ | ਪਾਠ-10 ਹਰਿਆਵਲ ਦੇ ਬੀਜ

ਸਾਹਿਤ ਰੂਪ-ਕਹਾਣੀ | ਲੇਖਕ- ਕਰਨਲ ਜਸਬੀਰ ਭੁੱਲਰ

**ਪ੍ਰਸ਼ਨ(ੳ) ਫ਼ਕੀਰ ਨੇ ਲੋਕਾਂ ਨੂੰ ਕੀ ਸਲਾਹ ਦਿੱਤੀ ਅਤੇ ਕਿਉਂ?**



ਉੱਤਰ: ਲੋਕਾਂ ਨੂੰ ਅੰਨ੍ਹੇਵਾਹ ਰੁੱਖ ਵੱਢਦੇ ਹੋਏ ਵੇਖ ਕੇ ਚੇਤਾਵਨੀ ਦਿੱਤੀ ਕਿ ਇਸ ਤਰ੍ਹਾਂ ਤੁਸੀਂ ਉਜੜ ਜਾਓਗੇ ਕਿਉਂਕਿ ਰੁੱਖਾਂ ਦੇ ਵੱਢਣ ਨਾਲ ਧਰਤੀ ਤਪਦੇ ਮਾਰੂਥਲ ਵਿੱਚ ਬਦਲ ਜਾਵੇਗੀ।

**ਪ੍ਰਸ਼ਨ(ਅ) ਲੋਕਾਂ ਵੱਲੋਂ ਰੁੱਖਾਂ ਦੀ ਅੰਨ੍ਹੇਵਾਹ ਕੀਤੀ ਕਟਾਈ ਦਾ ਕੀ ਨਤੀਜਾ ਨਿਕਲਿਆ?**

ਉੱਤਰ: ਅੰਨ੍ਹੇਵਾਹ ਰੁੱਖ ਕੱਟਣ ਕਾਰਨ ਹੌਲੀ-ਹੌਲੀ ਜੰਗਲ ਮੁੱਕ ਗਏ। ਫੇਰ ਹੜ੍ਹ ਆਏ। ਹੜ੍ਹਾਂ ਦਾ ਪਾਣੀ ਸੋਖਣ ਲਈ ਰੁੱਖ ਨਾ ਹੋਣ ਕਰਕੇ ਹੜ੍ਹਾਂ ਨੇ ਬਹੁਤ ਤਬਾਹੀ ਮਚਾਈ ਅਤੇ ਪਾਣੀ ਉਪਜਾਊ ਮਿੱਟੀ ਨੂੰ ਰੋੜ੍ਹ ਕੇ ਲੈ ਗਿਆ। ਨਤੀਜੇ ਵੱਜੋਂ ਹਰਾ-ਭਰਾ ਦੇਸ਼ ਮਾਰੂਥਲ ਵਿੱਚ ਬਦਲ ਗਿਆ। ਤੇਜ਼ ਹਵਾਵਾਂ ਹਰ ਰੋਜ਼ ਚਲਦੀਆਂ ਤੇ ਧਰਤੀ ਉੱਤੇ ਰੇਤ ਵਿਛਾ ਕੇ ਤੁਰ ਜਾਂਦੀਆਂ।

**ਪ੍ਰਸ਼ਨ(ੲ) ਰੇਤਥਲ ਦੇ ਤੂਫ਼ਾਨ ਕਾਰਨ ਭੀਖੂ ਤੇ ਉਸ ਦੇ ਪਰਿਵਾਰ ਨਾਲ ਕੀ ਵਾਪਰਿਆ?**



ਉੱਤਰ: ਰੇਤਥਲ ਦਾ ਤੂਫ਼ਾਨ ਬਹੁਤ ਤੇਜ਼ ਤੇ ਮਾਰੂ ਸੀ ਜੋ ਸਭ ਕੁਝ ਨਾਲ ਉਡਾ ਲੈ ਗਿਆ। ਭੀਖੂ ਅਤੇ ਉਸ ਦੇ ਪਰਿਵਾਰ ਦੇ ਝੱਖੜ ਸਾਹਮਣੇ ਪੈਰ ਨਾ ਟਿਕੇ ਉਹ ਅੱਗੇ ਹੀ ਅੱਗੇ ਰੁੜਦੇ ਗਏ।

**ਪ੍ਰਸ਼ਨ(ਸ) ਬਿਪਤਾ ਦੇ ਸਮੇਂ ਭੀਖੂ ‘ਤੇ ਉਸ ਦੇ ਪਰਿਵਾਰ ਲਈ ਰੁੱਖ ਕਿਵੇਂ ਸਹਾਈ ਹੋਇਆ?**

ਉੱਤਰ: ਜਦੋਂ ਭੀਖੂ ਤੇ ਉਸ ਦਾ ਪਰਿਵਾਰ ਤੇਜ਼ ਝੱਖੜ ਵਿੱਚ ਅੱਗੇ ਹੀ ਅੱਗੇ ਰੁੜਦੇ ਜਾ ਰਹੇ ਸਨ। ਅਚਾਨਕ ਉਨ੍ਹਾਂ ਨੂੰ ਜਾਪਿਆ, ਕਿਸੇ ਨੇ ਬਾਹਾਂ ਫੈਲਾ ਦਿਤੀਆਂ ਹੋਣ। ਉਹ ਬਾਹਾਂ ਦੇ ਘੇਰੇ ਵਿੱਚ ਅਟਕ ਗਏ ਸਨ। ਝੱਖੜ ਰੁਕਣ ਤੇ ਜਦੋਂ ਹੋਸ਼ ਆਈ ਤਾਂ ਵੇਖਿਆ ਜਿਸ ਨੇ ਉਨ੍ਹਾਂ ਦੀ ਜਾਨ ਬਚਾਈ ਉਹ ਇੱਕ ਰੁੱਖ ਸੀ।





**ਪ੍ਰਸ਼ਨ(ਹ) ਫ਼ਕੀਰ ਨੇ ਭੀਖੂ ਨੂੰ ਰੁੱਖ ਲਾਉਣ ਲਈ ਕਿਵੇਂ ਪ੍ਰੇਰਿਆ?**

ਉੱਤਰ: ਭੀਖੂ ਦੁਆਰਾ ਰੁੱਖ ਨੂੰ ਰੁੰਡ-ਮੁੰਡ ਕੀਤੇ ਜਾਣ ਕਾਰਨ ਫ਼ਕੀਰ ਬਹੁਤ ਉਦਾਸ ਹੋਇਆ ਤੇ ਬੋਲਿਆ ਕਿ ਉਹਨੇ ਹਮੇਸ਼ਾ ਰੁੱਖ ਵੱਢੇ ਨੇ ਕਦੇ ਰੁੱਖ ਲਾਏ ਨਹੀਂ। ਕੀ ਇਸ ਦੁਨੀਆਂ ਵਿੱਚੋਂ ਹਰਿਆਵਲ ਦੇ ਬੀਜ ਮੁਕ ਗਏ ਹਨ। ਉਹ ਉਸ ਦੇ ਘਰ ਉੱਤੇ ਉਜਾੜੇ ਦਾ ਪਰਛਾਵਾਂ ਵੇਖ ਰਿਹਾ ਹੈ। ਇਹ ਸੁਣ ਕੇ ਘਰ ਦੇ ਜੀਅ ਬੇਚੈਨ ਹੋ ਗਏ। ਹੁਣ ਫ਼ਕੀਰ ਨੇ ਉਨ੍ਹਾਂ ਦੇ ਮਨ ਵਿੱਚ ਹਰਿਆਵਲ ਦੇ ਬੀਜ ਬੀਜ ਦਿੱਤੇ ਸਨ।

Scanned with CamScanner

ਪ੍ਰਸ਼ਨ(ਕ) ਆਲਮ ਨੂੰ ਆਪਣੇ ਬਾਪੂ ਭੀਖੂ ਅਤੇ ਫ਼ਕੀਰ ਵਿਚਕਾਰ ਹੋਈ ਗੱਲਬਾਤ ਤੋਂ ਕੀ ਪ੍ਰੇਰਨਾ ਮਿਲੀ?

ਉੱਤਰ: ਆਲਮ ਨੂੰ ਆਪਣੇ ਬਾਪੂ ਭੀਖੂ ਅਤੇ ਫ਼ਕੀਰ ਵਿਚਕਾਰ ਹੋਈ ਗੱਲਬਾਤ ਤੋਂ ਇਹ ਪ੍ਰੇਰਣਾ ਮਿਲੀ ਕਿ ਸਾਨੂੰ ਰੁੱਖ ਵੱਢਣੇ ਹੀ ਨਹੀਂ ਚਾਹੀਦੇ, ਸਗੋਂ ਲਾਉਣੇ ਵੀ ਚਾਹੀਦੇ ਹਨ।



**ਪ੍ਰਸ਼ਨ 2. ਔਖੇ ਸ਼ਬਦਾਂ ਦੇ ਅਰਥ:**

ਤੁਰਸ਼ : ਗੁਸੈਲ, ਕ੍ਰੋਧੀ

ਰੇਤਥਲ, ਮਾਰੂਥਲ : ਰੇਗਿਸਤਾਨ, ਰੇਤਲਾ ਇਲਾਕਾ

ਜ਼ਰਖ਼ੇਜ਼ : ਉਪਜਾਊ

ਮਾਰੂ : ਮਾਰਨ ਵਾਲਾ, ਘਾਤਕ

ਸਾਹਵੇਂ : ਸਾਹਮਣੇ, ਮੂਹਰਲੇ ਪਾਸੇ

ਤੀਬਰ ਗਤੀ : ਤੇਜ਼ ਚਾਲ

ਸ੍ਰੋਤ : ਸੋਮਾ

ਢਾਰਾ : ਛੰਨ, ਛੱਪਰ

ਅਹੁੜੀ : ਸੁੱਝੀ, ਕੋਈ ਗੱਲ ਦਿਮਾਗ ਨੂੰ ਸੁੱਝਣੀ

ਵਾ-ਵਰੋਲ਼ਾ-ਮਿੱਟੀ ਅਦਿ ਨਾਲ ਭਰੀ ਗੋਲ਼ ਚੱਕਰ ਵਿੱਚ ਚੱਲਣ ਵਾਲੀ ਹਵਾ

ਤਿੱਖੜ : ਤਿੱਖੜ, ਤੇਜ਼



**ਪ੍ਰਸ਼ਨ 3. ਵਾਕਾਂ ਵਿੱਚ ਵਰਤੋ:**

1. ਵਰਾਛਾਂ ਖਿੜ ਜਾਣੀਆਂ (ਬਹੁਤ ਖੁਸ਼ ਹੋਣਾ) ਰੁੱਖਾਂ ਨੂੰ ਵੇਖ ਕੇ ਫ਼ਕੀਰ ਦੀਆਂ ਵਰਾਛਾਂ ਖਿੜ ਗਈਆਂ।
2. ਆਸਰਾ (ਸਹਾਰਾ) ਮਨੁੱਖ ਨੂੰ ਰੁੱਖਾਂ ਦਾ ਸਭ ਤੋਂ ਵੱਡਾ ਆਸਰਾ ਹੈ।
3. ਤੜਕਸਾਰ (ਸਵੇਰ ਵੇਲ਼ੇ) ਤੜਕਸਾਰ ਹੀ ਮੈਂ ਰੁੱਖਾਂ ਨੂੰ ਪਾਣੀ ਦਿੰਦਾ ਹਾਂ।
4. ਟੱਬਰ-ਟੀਹਰ (ਸਾਰਾ ਪਰਿਵਾਰ) ਸਾਡਾ ਸਾਰਾ ਟੱਬਰ-ਟੀਹਰ ਕੁਦਰਤ ਪ੍ਰੇਮੀ ਹੈ।
5. ਲੂ ਵਗਣਾ(ਗਰਮ ਹਵਾ ਚੱਲਣੀ) ਲੂ ਵਗਣ ਕਾਰਨ ਕਈਆਂ ਦੀ ਮੌਤ ਹੋ ਜਾਂਦੀ ਹੈ।
6. ਰੋਣਹਾਕਾ (ਰੋਣ ਵਾਲਾ) ਫ਼ਕੀਰ ਦੀਆਂ ਗੱਲਾਂ ਸੁਣ ਕੇ ਆਲਮ ਰੋਣਹਾਕਾ ਹੋ ਗਿਆ।
7. ਹਰਿਆਵਲ(ਹਰਾਪਨ) ਰੁੱਖਾਂ ਕਾਰਨ ਹੀ ਹਰਿਆਵਲ ਹੈ।

